## ਜੱਥੇਦਾਰ ਮੋਹਨ ਸਿੰਘ ਜੀ ਨਾਲ ਉੱਤ੍ਰ ਪ੍ਰਸ਼ਨ

ਏਕ ਦਫ਼ਾ ਜੱਥੇਦਾਰ ਮੋਹਨ ਸਿੰਘ ਜੀ ਅੰਮ੍ਰਿਤਸਰ ਜੀ, ਅਕਾਲ ਤਖ਼ਤ ਦੇ ਜੱਥੇਦਾਰ ਦਰਸ਼ਨਾਂ ਨੂੰ ਆਏ ਹੋਏ ਸਨ । ਏਕ ਦਿਨ ਹਜ਼ੂਰ ਪਰਉਪਕਾਰੀ ਜੱਥੇ ਦੇ ਕੁੱਛ ਸਿੰਘ ਜੱਥੇਦਾਰ ਸਾਹਿਬ ਕੋਲ ਬੈਠੇ ਹੋਏ ਸਨ । ਬੇਨਤੀ ਕੀਤੀ ਕਿ ਜੱਥਦਾਰ ਸਾਹਿਬ ਜੀ, ਕੁਛ ਆਪ ਮਨੋਹਰ ਵ ਖਿਯਾਲ ਪ੍ਰਚਾਰ ਦੇ ਕੁਛ ਬਚਨ ਸੁਨਾਓ, ਕਿਉਂਕਿ ਇਤਨੀ ਦੂਰ ਜਾ ਕੇ ਆਪ ਜੀ ਬਚਨ ਪ੍ਰਚਾਰ ਦੇ ਸਾਨੂੰ ਇਥੇ ਚੰਦ ਬਚਨ ਸੁਨਾ ਦੇਉ । ਜੱਥੇਦਾਰ ਸਾਹਿਬ ਜੀ ਨੇ ਸੁਨਾਉਨਾ ਸ਼ੁਰੂ ਕੀਤਾ ਕਿ ਪਹਿਲੇ ਗੁਰਦਵਾਰਿਓਂ ਕਾ ਜੋ ਪ੍ਰਸਾਦਿ ਦਾ ਵਰਤਾਰਾ ਕਢਿਆ ਜਾਂਦਾ ਹੈ, ਪ੍ਰਮਾਨ ਦੇ ਦੇ ਕੇ ਖੰਡਨ ਕਰਦੇ ਗਏ । ਕਰਦੇ ਕਰਦੇ ਅੰਦਰ ਤਖ਼ਤ ਸਾਹਿਬ ਦੇ ਮੰਜੀ ਸਾਹਿਬ ਤੇ ਗੁਰੂ ਗ੍ਰਿੰਥ ਸਾਹਿਬ ਪ੍ਰਕਾਸ਼ ਹੋਣਾ ਚਾਹੀਏ, ਕਿਉਂਕਿ ਗੁਰਤਾ ਗੱਦੀ ਦੇ ਮਾਲਕ ਹਨ । ਏਹ ਸੁਣਿ ਕਰ ਹਜ਼ੂਰੀ ਪਰਉਪਕਾਰੀ ਜੱਥੇ ਦੇ ਜੱਥੇਦਾਰ ਜੀ ਨੇ ਪੁੱਛਿਆ ਕਿ ਜੱਥੇਦਾਰ ਸਾਹਿਬ ਜੀਓ, ਸਾਨੂੰ ਬਹੁਤ ਮੁੱਦਤ ਹੋ ਗਈ ਹੈ ਸ੍ਰੀ ਅੰਮ੍ਰਿਤਸਰ ਗਇਆਂ । ਆਪ ਦੱਸੋ, ਆਪ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਹਰਿ ਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਹੈ? ਸੁਣਿ ਕੇ ਜੱਥੇਦਾਰ ਸਾਹਿਬ ਚੁੱਪ ਕਰ ਗਏ । ਥੋੜੀ ਦੇਰ ਬੈਠ ਕਰ ਉਠ ਕੇ ਚਲੇ ਗਏ । ਇਸ ਦਾ ਖੁਲਾਸਾ ਵਰਨੰਨ ਕੁਛ ਥੋੜੇ ਲਫ਼ਜ਼ਾਂ ਵਿੱਚ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਮੰਜੀ ਸਾਹਿਬ ਦੋ ਢਾਈ ਫੁਟ ਉਚੈਂ ਹਨ, ਜਿਸ ਦੇ ਉਤੈਂ ਸ਼ਸਤ੍ਰ ਮਹਾਰਾਜ ਜੀ ਦੇ, ਬਾਬਾ ਦੀਪ ਸਿੰਘ ਸ਼ਹੀਦ, ਸ਼ਹੀਦ ਭਾਈ ਉਦੇ ਸਿੰਘ ਜੀ ਦੇ ਸ਼ਸਤ੍ਰ ਹਨ । ਇਸੀਤ੍ਰਾਂ ਹਜ਼ੂਰ ਸਾਹਿਬ ਜੀ ਮੰਜੀ ਸਾਹਿਬ ਤੇ ਮਹਾਰਾਜ ਜੀ ਦੇ ਔਰ ਸ਼ਹੀਦਾਂ ਸਿੰਘਾਂ ਦੇ ਸ਼ਸਤ੍ਰ ਹਨ । ਉਸੀਤ੍ਰਾਂ ਅਕਾਲ ਤਖ਼ਤ ਸਾਹਿਬ ਵਾਂਗੂੰ ਸ਼ਸਤ੍ਰ ਮਹਾਰਾਜ ਜੀ ਦੇ ਵ ਸ਼ਹੀਦਾਂ ਸਿੰਘਾਂ ਦੇ ਰੱਖੇ ਹੋਏ ਹਨ । ਗੁਰੂ ਨਾਨਕ ਸਾਹਿਬ ਜੀ ਤੋਂ ਬਾਦ ਜਿਤਨੇ ਭੀ ਗੁਰੂ ਸਾਹਿਬ ਨੌ ਪਾਤਸ਼ਾਹੀਆਂ ਹੋਈਆਂ (ਗੁਰ ਅਸਥਾਨ ਦਾ ਅਦਬ)

ਛੇਵੀਂ ਪਾਤਸ਼ਾਹੀ ਤਕ ਕਰਤਾਰਪੁਰ ਜਾ ਕੇ ਗੁਰੂ ਨਾਨਕ ਜੀ ਦੇ ਅੰਤਮ ਅਸਥਾਨ ਮੰਜੀ ਸਾਹਿਬ ਨੂੰ ਨਮਸ਼ਕਾਰ ਕਰਦੇ ਸਨ ਔਰ ਭੇਟਾ ਚੜਾਉਂਦੇ ਸਨ । ਇਸੀ ਤਰ੍ਹਾਂ ਗੁਰੂ ਰਾਮਦਾਸ ਸਾਹਿਬ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਬਸਾਯਾ ਵ ਹਰਿਮੰਦਰ ਸਾਹਿਬ ਬਣਾਇਆ, ਪ੍ਰ ਗੁਰੂ ਅਰਜਨ ਸਾਹਿਬ ਜੀ ਗੱਦੀ ਨਸ਼ੀਨ ਹੁੰਦੇ ਹੋਏ ਭੀ ਉਥੋਂ ਕੁਛ ਦੂਰ ਜਾ ਕੇ ਛੇ-ਸੱਤ ਮੀਲ ਤੇ ਸ੍ਰੀ ਤਰਨਤਾਰਨ ਸਾਹਿਬ ਤੀਰਥ ਰਚਾ ।

ਇਸ ਤੋਂ ਪਹਿਲੇ ਗੁਰੂ ਨਾਨਕ ਸਾਹਿਬ ਜੀ ਨੇ ਕਰਤਾਰਪੁਰ ਬਸਾਇਆ, ਪ੍ਰ ਗੁਰੂ ਅੰਗਦ ਸਾਹਿਬ ਜੀ ਮਹਾਰਾਜ ਜੀ ਦੇ ਅਸਥਾਨ ਦਾ ਅਦਬ ਹੀ ਕਰਤੇ ਰਹੇ ਔਰ ਨਮਸ਼ਕਾਰ ਔਰ ਪੂਜਾ ਕਰਤੇ ਰਹੇ । ਆਪ ਜੀ ਨੇ ਖਡੂਰ ਸਾਹਿਬ ਵਸਾਯਾ, ਜਿਸ ਦਾ ਜ਼ਿਕਰ ਗੁਰੂ ਗ੍ਰਿੰਥ ਸਾਹਿਬ ਜੀ ਵਿੱਚ ਰਾਮਕਲੀ ਦੀ ਵਾਰ ਵਿੱਚ ਸੱਤੇ ਬਲਵੰਡ ਦੀ, ਖਡੂਰ ਸਾਹਿਬ ਦੇ ਬਾਰੇ ਇਸਤਰਾਂ ਤੁੱਕਾਂ ਵਿਚ ਬਰਨੰਨ ਕੀਤਾ ਗਿਯਾ ਹੈ: -

" ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥" [੧] ਇਸ ਤੋਂ ਬਾਦ ਗੁਰੂ ਅਮਰਦਾਸ ਜੀ ਗੱਦੀ ਨਸ਼ੀਨੀ ਹੋਣ ਤੋਂ ਬਾਦ ਖਡੂਰ ਸਾਹਿਬ ਜੀ ਦੇ ਅਸਥਾਨ ਸੇਵਾ ਪੂਜਾ ਔਰ ਨਮਸ਼ਕਾਰ ਹੀ ਕਰਤੇ ਰਹੇ। ਆਪ ਜੀ ਨੇ ਉਸ ਤੋਂ ਅੱਗੇ ਢਾਈ-ਤੀਨ ਮੀਲ਼ ਬਿਆਸਾ ਦੇ ਕਿਨਾਰੇ ਗੋਵਿੰਦਵਾਲ ਸਾਹਿਬ ਵਸਾਯਾ । ਇਸ ਤੋਂ ਬਾਦ ਗੁਰੂ ਰਾਮਦਾਸ ਸਾਹਿਬ ਜੀ ਗੁਰਤਾ ਗੱਦੀ ਤੇ ਬਿਰਾਜੇ, ਤਾਂ ਆਪ ਜੀ ਸ੍ਰੀ ਗੋਇੰਦਵਾਲ ਸਾਹਿਬ ਜੀ ਦਾ ਅਦਬ ਵ ਸਤਿਕਾਰ ਕਰਦੇ ਰਹੇ ਔਰ ਨਿਵਾਸ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਰਖਿਆ । ਇਨ੍ਹਾਂ ਤੋਂ ਬਾਦ ਗੁਰੂ ਅਰਜਨ ਸਾਹਿਬ ਜੀ ਔਰ ਉਨ੍ਹਾਂ ਤੋਂ ਬਾਦ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਤਾ ਗੱਦੀ ਤੇ ਬਿਰਾਜੇ । ਪਹਿਲੇ ਗੁਰੂ ਸਾਹਿਬਾਂ ਦੇ ਅਸਥਾਨਾਂ ਦਾ ਅਦਬ ਸਤਿਕਾਰ ਕਰਦੇ ਰਹੇ । ਆਪ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਤੋਂ ਬਾਹਰ ਦਰਸ਼ਨ ਡਿਉਢੀ ਦੇ ਸਾਮਨੇ ਅਕਾਲ ਤਖ਼ਤ ਰਚਿਆ । ਉਸ ਅਸਥਾਨ ਤੇ ਬੈਠ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ । ਇਸ ਤੋਂ ਬਾਦ ਦੂਰ ਕਰਤਾਰਪੁਰ ਰੱਚਿਆ । ਕੁਛ ਦਿਨ ਮਹਾਰਾਜ ਸੰਗਤਾਂ ਨੂੰ ਨਿਹਾਲ ਕਰਦੇ ਰਹੇ । ਉਸ ਤੋਂ ਬਾਦ ਮਹਾਰਾਜ ਜੀ ਕੀਰਤਪੁਰ ਸਾਹਿਬ ਬਸਾਯਾ । ਕੀਰਤਪੁਰ ਸਾਹਿਬ ਵਿੱਚ ਛੇ-ਸਾਤ ਗੁਰਦਵਾਰੇ, ਪਤਾਲਪੁਰੀ ਸਾਹਿਬ ਜੀ ਦੇ ਅੰਦਰ ਛੇਵੀਂ ਪਾਤਸ਼ਾਹੀ ਜੀ ਦੇ ਅੰਤਮ ਅਸਥਾਨ, ਮੰਜੀ ਸਾਹਿਬ ਅੱਡ ਹੈ ਔਰ ਗੁਰੂ ਹਰਿ ਰਾਇ ਸਾਹਿਬ ਜੀ ਦਾ ਮੰਜੀ ਸਾਹਿਬ ਅੱਡ ਹੈ । ਇਸ ਤੋਂ ਬਾਦ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਅੰਤਮ ਅਸਥਾਨ ਇਸ ਦੇ ਅੰਦਰ ਹੀ ਹੈ ਪਤਾਲਪੁਰੀ ਵਿੱਚ । ਇਸ ਤੋਂ ਬਾਦ ਗੁਰੂ ਤੇਗ਼ ਬਹਾਦਰ ਸਾਹਿਬ ਜੀ ਗੁਰਤਾ ਗੱਦੀ ਪ੍ਰ ਬਿਰਾਜੇ, ਤਾਂ ਆਪ ਜੀ ਤੀਰਥ ਯਾਤ੍ਰਾ ਔਰ ਪੂਰਬ ਦਾ ਦੌਰਾ ਕੀਤਾ । ਅਨੇਕ ਜੀਆਂ ਦਾ ਉਧਾਰ ਕੀਤਾ । ਤੀਰਥ ਯਾਤ੍ਰਾ ਦਾ ਬ੍ਰਨੰਨ ਦਸਮ ਪਾਤਿਸ਼ਾਹ ਜੀ ਨੇ ਅਪਨੀ ਬਾਣੀ ਸ੍ਰੀ ਮੁਖਵਾਕ ਬਚਿਤ੍ਰ ਨਾਟਕ ਵਿੱਚ ਕੀਤਾ ਹੈ, "ਮੁਰ ਪਿਤ ਪੂਰਬ ਕਿਯਸਿ ਪਯਾਨਾ॥ ਭਾਂਤਿ ਭਾਂਤਿ ਕੇ ਤੀਰਥਿ ਨਾਨਾ॥ ਜਬ ਹੀ ਜਾਤ ਤ੍ਰਿਬੇਣੀ ਭਏ॥ ਪੁੰਨ ਦਾਨ ਦਿਨ ਕਰਤ ਬਿਤਏ॥" [੨]

ਇਸਤ੍ਰਾਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਅਸਾਮ ਬੰਗਾਲ ਆਦਿਕ ਦੇਸਾਂ ਵਿਚ ਸਤਿਨਾਮ ਦਾ ਉਪਦੇਸ਼ ਕਰਦੇ ਹੋਏ ਅਨੇਕ ਸੰਗਤਾਂ ਦਾ, ਅਨੇਕ ਜੀਆਂ ਦਾ ਉਧਾਰ ਕਰਦੇ ਹੋਏ ਕੀਰਤਪੁਰ ਸਾਹਿਬ ਤੋਂ ਛੇ ਸਾਤ ਮੀਲ ਅਗੇ ਅਨੰਦਪੁਰ ਸਾਹਿਬ ਬਸਾਯਾ । ਜਿਸ ਵਖਤ ਦਸਮ ਪਾਤਸ਼ਾਹ ਜੀ ਗੱਦੀ ਨਸ਼ੀਨ ਹੋਏ ਵ ਗੁਰਤਾ-ਗੱਦੀ ਤੇ ਬਿਰਾਜੇ, ਆਪ ਜੀ ਨੇ ਕੁਛ ਅਰਸਾ ਬਾਦ ਪਾਉਂਟਾ ਸਾਹਿਬ ਬਸਾਯਾ । ਉਥੇ ਨਿਵਾਸ ਕਰਨ ਲਗੇ । ਸੋ ਭਾਈ ਪ੍ਰੇਮੀ, ਸੁਨੋ, ਜਿਸਤ੍ਰਾਂ ਪਹਿਲੀ ਪਾਤਸ਼ਾਹੀਆਂ ਪਹਿਲੇ ਗੁਰੂਆਂ ਦੇ ਅਸਥਾਨਾਂ ਦਾ ਅਦਬ ਕਰਦੇ ਆਏ ਹਨ, ਉਸ ਜਗ੍ਹਾ ਨੂੰ ਵ ਉਸ ਅਸਥਾਨ ਨੂੰ ਨਮਸਕਾਰ ਕਰਕੇ ਆਪ ਦੂਰ ਕੁਛ ਫ਼ਾਸਲੇ ਤੇ ਸੁਸ਼ੋਭਿਤ ਹੁੰਦੇ ਸਨ, ਔਰ ਦੀਵਾਨ ਲਗਦੇ ਸਨ । ਪ੍ਰਮਾਨ ਵਜੋਂ ਏਕ ਦਫ਼ਾ ਅਸੀਂ ਪਟਨੇ ਸਾਹਿਬ ਦੀ ਯਾਤ੍ਰਾ ਨੂੰ ਜਾਂਦੇ ਹੋਏ ਅਜੁਧਿਯਾ ਪੁਰੀ ਉਤਰੇ । ਬ੍ਰਹਮ ਘਾਟ ਤੇ ਪਹੁੰਚੇ । ਇਸ਼ਨਾਨ ਪਾਣੀ ਕਰਕੇ ਗੁਰਦਵਾਰੇ ਸਾਹਿਬ ਦਰਸ਼ਨਾਂ ਨੂੰ ਹਾਜ਼ਰ ਹੋਏ । ਨਮਸਕਾਰ ਕਰਕੇ ਵ ਮੱਥਾ ਟੇਕ ਕੇ ਪ੍ਰਦਛਨਾ ਕਰਕੇ ਉਸ ਏਰੀਏ ਦੇ ਵ ਕੰਪੌਂਡ ਦੇ ਅੰਦਰ ਥੋੜੇ-ਥੋੜੇ ਫਾਸਲੇ ਤੇ ਤੀਨ ਪਾਤਸ਼ਾਹੀਆਂ ਦੇ, ਗੁਰੂ ਨਾਨਕ ਸਾਹਿਬ, ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਮੰਜੀ ਸਾਹਿਬ ਨਾਲੋ-ਨਾਲ ਥੋੜੀ

---

[੧] ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰਨਾ ੯੬੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੨] ਪੰਨਾ ੫੯, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

ਵਿੱਥ ਤੇ ਬਨਿਆ ਹੋਏ ਸਨ। ਮਹਾਰਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਅਸਥਾਨ ਤੇ ਗੁਰਦਵਾਰਾ ਸਾਹਿਬ ਛੋਟਾ ਬਨਿਆ ਹੋਯਾ ਸੀ। ਉਥੋਂ ਦੀ ਮ੍ਰਿਜਾਦਾ ਤਖ਼ਤ ਹਜ਼ੂਰ ਸਾਹਿਬ ਵਾਲੀ ਸੀ। ਇਥੇ ਵਿਚਾਰਨ ਵਾਲੀ ਗੱਲ ਹੈ ਕਿ ਤੀਨ ਪਾਤਸ਼ਾਹੀਆਂ ਦੇ ਇਤਨੇ ਨੇੜੇ ਅੱਡ-ਅੱਡ ਅਸਥਾਨ ਕਿਉਂ ਬਣੇ? ਜਿਥੇ ਗੁਰੂ ਨਾਨਕ ਸਾਹਿਬ ਬੈਠੇ ਸਨ, ਉਥੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਉਸੇ ਮੰਜੀ ਸਾਹਿਬ ਉਤੇ ਕਿਉਂ ਨਾ ਬੈਠੇ? ਜਿਥੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਬੈਠੇ ਸਨ, ਉਸ ਮੰਜੀ ਸਾਹਿਬ ਦੇ ਉਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਕਿਉਂ ਨਹੀਂ ਬੈਠੇ? ਏਸ ਦਾ ਭਾਵ ਅਰਥ ਏ ਹੋਆ ਕਿ ਪਹਿਲੇ ਗੁਰੂ ਸਾਹਿਬ ਦੇ ਅਸਥਾਨ ਦੀ ਮੰਜੀ ਸਾਹਿਬ ਦੀ ਦੂਜੇ ਗੁਰੂ ਸਾਹਿਬ ਉਸ ਅਸਥਾਨ ਨੂੰ ਨਮਸਕਾਰ ਕਰਕੇ ਆਪ ਦੂਜੇ ਥਾਂ ਤੇ ਬੈਠਦੇ ਸਨ, ਜਿਸ ਤ੍ਰਾਂ ਕਿ ਭਾਈ ਗੁਰਦਾਸ ਸਾਹਿਬ ਜੀ ਨੇ ਆਪਣੀ ਬਾਣੀ ਵਾਰਾਂ ਵਿਚ ਵਰਨਨ ਕੀਤਾ ਹੈ: -

"ਜਿਥੇ ਬਾਬਾ ਪੈਰੁ ਧਰੇ ਪੂਜਾ ਆਸਣੁ ਥਾਪਣਿ ਸੋਆ ।" [੩]

ਸੋ ਸਤਿਗੁਰੂ ਸਾਹਿਬ ਇਸਤ੍ਰਾਂ ਨਹੀਂ ਕਰਦੇ ਸਨ ਕਿ ਔਰ ਉਪਦੇਸੈ ਆਪ ਨ ਕਰੈ। ਸੋ ਗੁਰੂ ਸਾਹਿਬ ਪਹਿਲੇ ਆਪ ਗੁਰੂਆਂ ਦੇ ਅਸਥਾਨਾਂ ਨੂੰ ਨਮਸਕਾਰ ਕਰਦੇ ਸਨ ਔਰ ਪ੍ਰਦਛਨਾ ਕਰਦੇ ਸਨ, ਪੀਛੇ ਮਹਾਰਾਜ ਜੀ ਨੂੰ ਦੇਖ ਕੇ ਸਾਰੀ ਸੰਗਤ ਨਮਸਕਾਰ ਔਰ ਪ੍ਰਦਛਣਾ ਕਰਣਾ ਸੀ।

## ਸਚਖੰਡ ਤੇ ਅਦਬ

ਇਸੀਤ੍ਰਾਂ ਤਖ਼ਤ ਹਜ਼ੂਰ ਸਾਹਿਬ ਅਬਚਲ ਨਗਰ ਸਾਹਿਬ ਮਹਾਰਾਜ ਜੀ ਦਾ ਦਸਮ ਪਾਤਸ਼ਾਹ ਜੀ ਦੇ ਮੰਜੀ ਸਾਹਿਬ ਅੰਦਰ ਹੈ, ਬਾਹਰ ਗੁਰੂ ਗ੍ਰਿੰਥ ਸਾਹਿਬ ਸੰਗਤਾਂ ਨੂੰ ਖੁਲ੍ਹੇ ਦਰਸਨ ਦੀਦਾਰੇ ਦੇ ਰਹੇ ਹਨ। ਸਧਾਰਨ ਪਾਠ, ਸਪਤਾਹ ਪਾਠ ਵ ਅਖੰਡ ਪਾਠ ਦੁਵਾਰਾ ਆਈਆਂ ਹੋਈਆਂ ਸੰਗਤਾਂ ਵ ਯਾਤਰੂਆਂ ਦਾ ਉਪਕਾਰ ਕਰ ਰਹੇ ਹਨ ਔਰ ਉਨ੍ਹਾਂ ਦੇ ਮਨੋਕਾਮਨਾ ਪੂਰੀਆਂ ਕਰ ਰਹੇ ਔਰ ਉਨ੍ਹਾਂ ਦੇ ਚੌਰਾਸੀ ਦੇ ਗੇੜ਼ੇ ਕਟ ਰਹੇ ਹਨ, ਔਰ ਉਨ੍ਹਾਂ ਦੀ ਜਨਮ ਜਨਮ ਦੀ ਮੈਲ ਕੱਟ ਰਹੇ ਹਨ।

ਪ੍ਰਮਾਨ ਗੁਰਬਾਣੀ: - ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥ [੪]

ਸੋ ਭਾਈ ਗੁਰਮੁਖੋ, ਸਾਧ ਸੰਗਤ ਜੀਓ, ਅੰਦਰ ਮੰਜੀ ਸਾਹਿਬ ਦਾ ਅਦਬ ਕਰਨਾ ਹੀ ਜੋਗ ਹੈ। ਮੰਜੀ ਸਾਹਿਬ ਦੇ ਉਤੇ ਗੁਰੂ ਗ੍ਰਿੰਥ ਸਾਹਿਬ ਪ੍ਰਕਾਸ਼ ਹੋਨਾ ਕੋਈ ਮਾੜੀ ਗੱਲ ਨਹੀਂ ਹੈ, ਪਰ ਬਰਾਬਰ ਤੇ ਗਿਰੰਥੀ ਸਿੰਘ ਬੈਠ ਕੇ ਉਸ ਪਵਿਤ੍ਰ ਮੰਜੀ ਸਾਹਿਬ ਤੇ ਪੈਰ ਰਖੇ ਵ ਬੈਠੇ ਯਾ ਪੀਛੇ ਕੋਈ ਔਰ ਚੀਜ਼ ਰਖ ਕੇ ਬੈਠ ਬਰਾਬਰ ਤੇ ਏਹ ਭਾਰੀ ਬੇਅਦਬੀ ਹੈ, ਔਰ ਕਰ ਬੈਠਨਗੇ ਕਿ ਅਸੀਂ ਅੰਦਰਲੀ ਬੀੜ ਤੇ ਹੀ ਅਖੰਡ ਪਾਠ ਕਰਾਵਨਾ ਹੈ। ਫੇਰ

---

[੩] ਪਉੜੀ ੨੭, ਵਾਰ ਪਹਿਲੀ।

[੪] ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰਨਾ ੯੬੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਕਿਸਤਰਾਂ ਹੋਗਾ? ਜਿਸਤਰਾਂ ਕਿ ਹੁਣਿ ਉਤਲੀ ਛੱਤ 'ਤੇ ਅਖੰਡ ਪਾਠ ਹੁੰਦੇ ਹਨ ਔਰ ਕਈ ਯਾਤਰੂ ਕਹਿੰਦੇ ਹਨ ਕਿ ਸਾਡੇ ਮਨੋਰਥ ਹੇਠਾਂ ਤਖ਼ਤ ਸਾਹਿਬ ਤੋਂ ਹੀ ਪਾਠ ਤੁਰਾਵਨ ਹੈ । ਇਸ ਕਰਕੇ ਗੁਰੂ ਗ੍ਰਿੰਥ ਸਾਹਿਬ ਮਹਾਰਾਜ ਜੀ ਦਾ ਪ੍ਰਕਾਸ਼ ਇਸ ਵਖਤ ਜਿਥੇ ਹੈ, ਉਥੇ ਹੀ ਠੀਕ ਹੈ, ਕਿਉਂਕਿ ਗੁਰੂ ਜੀ ਸਾਹਿਬ ਫੁਰਮਾਉਂਦੇ ਹਨ, " ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥" [5] ਸੋ ਤਖ਼ਤ ਸਾਹਿਬ ਹਜ਼ੂਰ ਸਾਹਿਬ ਤੇ ਜੋ ਭੀ ਮ੍ਰਯਾਦਾ ਹੋ ਰਹੀ ਹੈ, ਗੁਰ ਆਸ਼ੇ ਅਨੁਸਾਰ ਹੋ ਰਹੀ ਹੈ, ਔਰ ਗੁਰ ਇਤਹਾਸ ਆਦਿ ਬਾਣੀ, ਔਰ ਦਸਮ ਬਾਣੀ, ਵਾਰ ਭਾਈ ਗੁਰਦਾਸ, ਬਾਣੀ ਨੰਦ ਲਾਲ, ਇਨ੍ਹਾਂ ਦੇ ਆਸ਼ੇ ਅਨੁਸਾਰ ਹੋ ਰਹੀ ਹੈ ।

[5] ਸਲੋਕ ਵਾਰਾਂ ਤੇ ਵਧੀਕ ॥ ਮਹਲਾ ੧ ॥, ਪੰਨਾ ੧੪੧੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।